ਸੇਵਾ ਵਿਖੇ

ਮਾਣਯੋਗ ਪ੍ਰਧਾਨ ਤੇ ਜਨਰਲ ਸਕੱਤਰ ਸਾਹਿਬ,
ਪੰਜਾਬੀ ਸਾਹਿਤ ਅਕੈਡਮੀ,
ਲੁਧਿਆਣਾ।

**ਵਿਸ਼ਾ : ਪੰਜਾਬੀ ਭਵਨ ਵਿਚ ਲਾਏ ਗਏ ਤਿੰਨ ਏ.ਸੀਜ਼ ਉਤੇ ਹੋਏ ਖਰਚ ਦੀ ਸੂਚਨਾ ਸਬੰਧੀ।**

ਸ੍ਰੀਮਾਨ ਜੀ,

ਨਵੀਂ ਟੀਮ ਵੱਲੋਂ ਤਿੰਨ ਏ.ਸੀਜ਼ ਪਿਛਲੇ ਕੁਝ ਸਮੇਂ ਦੌਰਾਨ ਪੰਜਾਬੀ ਭਵਨ ਵਿਚ ਲਗਵਾਏ ਗਏ ਹਨ। ਇਹਨਾਂ ਵਿਚੋਂ ਦੋ ਆਰਟ ਗੈਲਰੀ ਵਿਚ ਅਤੇ ਇਕ ਦਫ਼ਤਰ ਵਿਚ ਲਾਇਆ ਗਿਆ ਹੈ। ਇਹਨਾਂ ਏ.ਸੀਜ਼ ਦੇ ਪੰਜਾਬੀ ਭਵਨ ਵਿਚ ਲਗਵਾਏ ਜਾਣ 'ਤੇ ਹੋਏ ਖਰਚੇ ਉਤੇ ਕਈ ਕਿਸਮ ਦੇ ਪ੍ਰਸ਼ਨ ਉੱਠ ਰਹੇ ਹਨ। ਯਤਨਾਂ ਦੇ ਬਾਵਜੂਦ ਸਥਿਤੀ ਸਪਸ਼ਟ ਨਹੀਂ ਹੋ ਰਹੀ ਕਿ ਮਾਮਲਾ ਸੀਮਿਤ ਸਾਧਨਾਂ ਵਾਲੀ ਪੰਜਾਬੀ ਸਾਹਿਤ ਅਕੈਡਮੀ ਦੀ ਸਥਿਤੀ ਨਾਲ ਸਬੰਧਤ ਹੈ ਅਤੇ ਹੈ ਵੀ ਗੰਭੀਰ ਮਾਮਲਾ। ਇਸ ਲਈ ਕਿਰਪਾ ਕਰਕੇ ਹੇਠ ਲਿਖੇ ਅਨੁਸਾਰ ਸਥਿਤੀ ਸਪਸ਼ਟ ਕੀਤੀ ਜਾਵੇ :

1. ਇਹਨਾਂ ਏ.ਸੀਜ਼ ਨੂੰ ਲਗਵਾਉਣ ਦੀ ਤਜਵੀਜ਼ ਕਿਸ ਵੱਲੋਂ ਪੇਸ਼ ਕੀਤੀ ਗਈ ਸੀ?
2. ਤਿੰਨ ਏ.ਸੀਜ਼ ਦੀ ਖਰੀਦ ਲਈ ਹੋਣ ਵਾਲੇ ਖਰਚਿਆਂ ਬਾਰੇ ਕੀ ਪ੍ਰਬੰਧਕੀ ਬੋਰਡ ਵੱਲੋਂ ਬਣਾਈ ਗਈ 'ਖਰੀਦੋ ਫਰੋਖਤ ਕਮੇਟੀ' ਤੋਂ ਆਗਿਆ ਲਈ ਗਈ।
3. ਕੀ ਖਰੀਦੋ ਫਰੋਖਤ ਕਮੇਟੀ ਦੀ ਵਿਧੀਵਤ ਮੀਟਿੰਗ ਹੋਈ ਤੇ ਜੇ ਹੋਈ ਤਾਂ ਕਦੋਂ ਅਤੇ ਮੀਟਿੰਗ ਵਿਚ ਕਿੰਨ੍ਹਾਂ ਮੈਂਬਰਾਂ ਨੇ ਹਿੱਸਾ ਲਿਆ।
4. ਕਮੇਟੀ ਵੱਲੋਂ ਖਰਚੇ ਸਬੰਧੀ ਹੋਰ ਕਿਹੜੇ ਕਿਹੜੇ ਫੈਸਲੇ ਲਏ ਗਏ।
5. ਤਿੰਨਾਂ ਏ.ਸੀਜ਼ ਦੀਆਂ ਕੀਮਤਾਂ ਅਤੇ ਲਗਵਾਉਣ 'ਤੇ ਕਿੰਨਾ ਖਰਚਾ ਹੋਇਆ। ਕੀ ਏ.ਸੀਜ਼ ਨੂੰ ਖਰੀਦਣ ਲਈ ਪਾਰਦਰਸ਼ੀ ਵਿਧੀ ਅਪਣਾਈ ਗਈ।
6. ਆਰਟ ਗੈਲਰੀ ਵਿਚ ਏ.ਸੀ. ਲੱਗਣ ਤੋਂ ਪਿੱਛੋਂ ਕਿੰਨੇ ਸਮਾਗਮ ਹੋਏ ਤੇ ਕਿੰਨੀ ਆਮਦਨ ਹੋਈ।
7. ਦਫ਼ਤਰ ਵਿਚ ਲੱਗਿਆ ਏ.ਸੀ. ਦਿਨ ਵਿਚ ਕਿੰਨੇ ਘੰਟੇ ਚਲਦਾ ਹੈ।
8. ਏ.ਸੀ. ਲੱਗਣ ਪਿੱਛੋਂ ਬਿਜਲੀ ਦਾ ਕਿੰਨਾ ਖਰਚਾ ਵਧਿਆ ਹੈ।
9. ਕੀ ਇਹ ਸਾਰੀ ਯੋਜਨਾ ਦੀ ਮਨਜ਼ੂਰੀ ਪ੍ਰਬੰਧਕੀ ਬੋਰਡ ਤੋਂ ਪਹਿਲਾਂ ਜਾਂ 29-6-2014 ਦੀ ਮੀਟਿੰਗ ਵਿਚ ਲੈ ਲਈ ਗਈ ਸੀ।
10. ਪੁਸਤਕ ਵਿੱਕਰੀ ਕੇਂਦਰ ਵਿਚ ਪੁਸਤਕਾਂ ਦੀ ਸਾਂਭ-ਸੰਭਾਲ ਲਈ ਰੈਕਾਂ ਦੀ ਘਾਟ ਮਹਿਸੂਸ ਹੋ ਰਹੀ ਹੈ ਅਤੇ ਬਹੁਤੀਆਂ ਪੁਸਤਕਾਂ ਫਰਸ਼ 'ਤੇ ਪਈਆਂ ਹਨ। ਰੈਕਾਂ ਦੀ ਖਰੀਦ ਜੋ ਪਹਿਲ ਦੇ ਆਧਾਰ 'ਤੇ ਹੋਣੀ ਚਾਹੀਦੀ ਸੀ, ਉਸ ਵੱਲ ਕਿਉਂ ਧਿਆਨ ਨਹੀਂ ਹੋ ਰਿਹਾ।

ਹਿਤੂ,

(ਕਰਮਜੀਤ ਸਿੰਘ ਔਜਲਾ)

ਮਿਤੀ :8-9-2014